# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**19:30**

**ਮਿਤੀ :19-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਕੇਂਦਰੀ ਮੰਤਰੀ ਮੰਡਲ ਨੇ ਅੱਜ ਚਾਰ ਰੇਲਵੇ ਪ੍ਰੋਜੈਕਟਾਂ ਅਤੇ ਇੱਕ ਸ਼ਾਹਰਾਹ ਪ੍ਰੋਜੈਕਟ ਸਮੇਤ ਪੰਜ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ।

- ਸਰਬਉੱਚ ਅਦਾਲਤ ਨੇ ਭਵਿੱਖ ਵਿੱਚ ਪ੍ਰਸ਼ਨ ਪੱਤਰ ਲੀਕ ਹੋਣ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਰਾਸ਼ਟਰੀ ਪ੍ਰੀਖਿਆ ਏਜੰਸੀ' ਨੂੰ ਸੰਸਥਾਗਤ ਰੂਪ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ।

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ-ਤਕਨਾਲੋਜੀ, ਮੀਡੀਆ, ਅਰਥ-ਵਿਵਸਥਾ ਅਤੇ ਜਨਤਕ ਨੀਤੀ ਦੀ ਦੁਨੀਆ, ਤੇਜ਼ੀ ਨਾਲ ਬਦਲ ਰਹੀ ਏ।

- ਸੜਕ ਆਵਾਜਾਈ ਅਤੇ ਸ਼ਾਹਰਾਹ ਮੰਤਰੀ ਨਿਤਿਨ ਗਡਕਰੀ ਨੇ ਕਿਹਾ -ਲਾਗਤਾਂ ਨੂੰ ਸੰਤੁਲਿਤ ਰੱਖਦੇ ਹੋਏ, ਉੱਚ-ਗੁਣਵੱਤਾ ਵਾਲਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ, ਸਰਕਾਰ ਦੀ ਮੁੱਖ ਤਰਜੀਹ ਏ।

- ਮੌਸਮ ਵਿਭਾਗ ਨੇ ਅੱਜ ਪੰਜਾਬ ਤੇ ਹਰਿਆਣਾ ਦੇ ਕੁਝ ਜ਼ਿਲਿਆਂ 'ਚ ਭਾਰੀ ਮੀਂਹ ਪੈਣ ਬਾਰੇ ਯੈਲੋ ਅਲਰਟ ਜਾਰੀ ਕੀਤਾ। ਅਤੇ

- ਗ੍ਰੈਂਡਮਾਸਟਰ ਆਰ. ਪ੍ਰਗਿਆਨ-ਨੰਦਾ ਨੇ ਅਮਰੀਕਾ ਦੇ ਸੇਂਟ ਲੁਈਸ ਵਿੱਚ, ਸਿੰਕ-ਫੀਲਡ ਕੱਪ ਦੇ ਅੱਠਵੇਂ ਅਤੇ ਆਖਰੀ ਗੇੜ ਵਿੱਚ ਜਿੱਤ ਦਰਜ ਕਰਦਿਆਂ, ਗ੍ਰੈਂਡ ਫਾਈਨਲ ਵਿੱਚ ਥਾਂ ਪੱਕੀ ਕੀਤੀ।

### *ਹੁਣ ਖਬਰਾਂ ਵਿਸਥਾਰ ਨਾਲ*

ਕੇਂਦਰੀ ਮੰਤਰੀ ਮੰਡਲ ਨੇ ਅੱਜ ਪੰਜ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇ ਦਿੱਤੀ ਏ, ਜਿਨ੍ਹਾਂ ਵਿੱਚ ਚਾਰ ਰੇਲਵੇ ਪ੍ਰੋਜੈਕਟ ਅਤੇ ਇੱਕ ਸ਼ਾਹਰਾਹ ਪ੍ਰੋਜੈਕਟ ਸ਼ਾਮਲ ਨੇ।

ਨਵੀਂ ਦਿੱਲੀ ਵਿੱਚ ਮੰਤਰੀ ਮੰਡਲ ਦੀ ਮੀਟਿੰਗ ਤੋਂ ਬਾਅਦ, ਮੀਡੀਆ ਨੂੰ ਜਾਣਕਾਰੀ ਦਿੰਦਿਆਂ, ਸੂਚਨਾ ਅਤੇ ਪ੍ਰਸਾਰਣ ਮੰਤਰੀ, ਅਸ਼ਵਨੀ ਵੈਸ਼ਨਵ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰੀ

ਮੰਤਰੀ ਮੰਡਲ ਨੇ ਅੱਜ 13 ਹਜ਼ਾਰ 41 ਕਰੋੜ ਰੁਪਏ ਦੀ ਲਾਗਤ ਵਾਲੇ ਇਨ੍ਹਾਂ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ।

**BYTE: RNU190826**

ਸ੍ਰੀ ਵੈਸ਼ਨਵ ਨੇ ਦੱਸਿਆ ਕਿ ਇਸ ਨਾਲ ਭਾਰਤੀ ਰੇਲਵੇ ਨੈੱਟਵਰਕ ਵਿੱਚ, ਕਰੀਬ 410 ਕਿਲੋਮੀਟਰ ਦਾ ਵਾਧਾ ਹੋਵੇਗਾ। ਸ੍ਰੀ ਵੈਸ਼ਨਵ ਨੇ ਦੱਸਿਆ ਕਿ, ਇਨ੍ਹਾਂ ਪ੍ਰੋਜੈਕਟਾਂ ਦੀ ਅਨੁਮਾਨਿਤ ਲਾਗਤ 9 ਹਜ਼ਾਰ 450 ਕਰੋੜ ਰੁਪਏ ਏ ਅਤੇ ਇਨ੍ਹਾਂ ਨੂੰ 2030-31 ਤੱਕ ਪੂਰਾ ਕਰਨ ਦਾ ਟੀਚਾ ਰੱਖਿਆ ਗਿਆ ਏ।

ਸ੍ਰੀ ਵੈਸ਼ਨਵ ਨੇ ਕਿਹਾ ਕਿ, ਰੇਲ ਲਾਈਨ ਦੇ ਵਿਸਥਾਰ ਨਾਲ ਸੰਪਰਕ ਵਿੱਚ ਕਾਫ਼ੀ ਸੁਧਾਰ ਹੋਵੇਗਾ। ਇਸ ਨਾਲ ਭਾਰਤੀ ਰੇਲਵੇ ਦੀ ਸੰਚਾਲਨ ਕੁਸ਼ਲਤਾ ਅਤੇ ਸੇਵਾ ਦੀ ਭਰੋਸੇਯੋਗਤਾ ਵਿੱਚ ਵੀ ਵਾਧਾ ਹੋਵੇਗਾ। ਤਜਵੀਜ਼ਸ਼ੁਦਾ ਮਲਟੀ-ਟਰੈਕਿੰਗ ਪ੍ਰੋਜੈਕਟਾਂ ਨਾਲ, ਕਰੀਬ 60 ਲੱਖ ਦੀ ਅਬਾਦੀ ਵਾਲੇ, ਲਗਭਗ 6 ਹਜ਼ਾਰ 448 ਪਿੰਡਾਂ ਤੱਕ ਪਹੁੰਚ ਵਧੇਗੀ।

ਇਸ ਨਾਲ ਦੇਸ਼ ਭਰ ਦੇ ਕਈ ਪ੍ਰਮੁੱਖ ਸੈਰ-ਸਪਾਟਾ ਸਥਾਨਾਂ ਤੱਕ ਰੇਲ ਸੰਪਰਕ ਵਿੱਚ ਸੁਧਾਰ ਹੋਵੇਗਾ।

ਸ੍ਰੀ ਵੈਸ਼ਨਵ ਨੇ ਦੱਸਿਆ ਕਿ, ਕੇਂਦਰੀ ਮੰਤਰੀ ਮੰਡਲ ਨੇ ਬਿਹਾਰ ਵਿੱਚ ਰਾਸ਼ਟਰੀ ਸ਼ਾਹਰਾਹ 22 ਦੇ ਮੁਜ਼ੱਫਰਪੁਰ-ਸੀਤਾਮੜੀ-ਸੋਨ-ਬਰਸਾ ਹਿੱਸੇ ਨੂੰ ਚਾਰ-ਲੇਨ ਵਾਲੇ ਸ਼ਾਹਰਾਹ ਵਿੱਚ, ਅਪਗ੍ਰੇਡ ਕਰਨ ਨੂੰ ਵੀ ਮਨਜ਼ੂਰੀ ਦੇ ਦਿੱਤੀ ਏ। ਉਨ੍ਹਾਂ ਦੱਸਿਆ ਕਿ 82.57 ਕਿਲੋਮੀਟਰ ਲੰਮਾ ਇਹ ਪ੍ਰੋਜੈਕਟ,

3 ਹਜ਼ਾਰ 590 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਵਿਕਸਿਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਤਜਵੀਜ਼ਸ਼ੁਦਾ ਪ੍ਰੋਜੈਕਟ, ਬਿਹਾਰ ਦੇ ਵੱਧਦੇ ਰਾਸ਼ਟਰੀ ਸ਼ਾਹਰਾਹ ਨੈੱਟਵਰਕ ਨਾਲ ਜੁੜਨ ਕਾਰਨ, ਰਣਨੀਤਕ ਅਤੇ ਆਰਥਿਕ ਤੌਰ 'ਤੇ ਬਹੁਤ ਮਹੱਤਵਪੂਰਨ ਏ। ਇਸ ਪ੍ਰੋਜੈਕਟ ਨਾਲ ਮੁਸਾਫ਼ਰਾਂ ਅਤੇ ਮਾਲ ਦੀ ਢੋਆ- ਢੋਆਈ, ਤੇਜ਼ ਅਤੇ ਸੁਰੱਖਿਅਤ ਹੋਣ ਦੀ ਉਮੀਦ ਏ। ਇਸ ਦੇ ਨਾਲ ਹੀ, ਯਾਤਰਾ ਦੀ ਕੁਸ਼ਲਤਾ ਵਿੱਚ ਸੁਧਾਰ ਹੋਵੇਗਾ ਅਤੇ ਖੇਤਰੀ ਸੰਪਰਕ ਮਜ਼ਬੂਤ ਹੋਵੇਗਾ. 100 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਲਈ ਤਿਆਰ ਕੀਤੇ ਗਏ ਸ਼ਾਹਰਾਹ 'ਤੇ ਔਸਤ ਗਤੀ 80 ਕਿਲੋਮੀਟਰ ਪ੍ਰਤੀ ਘੰਟਾ ਰਹੇਗੀ। ਇਸ ਨਾਲ ਤੇਜ਼ ਅਤੇ ਸੁਰੱਖਿਅਤ ਯਾਤਰਾ ਯਕੀਨੀ ਬਣੇਗੀ।

-----------------------------------------------------------------

ਸਰਬਉੱਚ ਅਦਾਲਤ ਨੇ ਭਵਿੱਖ ਵਿੱਚ ਪ੍ਰਸ਼ਨ ਪੱਤਰ ਲੀਕ ਹੋਣ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਰਾਸ਼ਟਰੀ ਪ੍ਰੀਖਿਆ ਏਜੰਸੀ' (NTA) ਨੂੰ ਸੰਸਥਾਗਤ ਰੂਪ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ ਏ।

ਇਸ ਵਿੱਚ ਸੁਰੱਖਿਅਤ ਬੁਨਿਆਦੀ ਢਾਂਚਾ, ਸਮਰਪਿਤ ਪ੍ਰੀਖਿਆ ਕੇਂਦਰ, ਸਾਈਬਰ-ਸੁਰੱਖਿਆ ਪ੍ਰਣਾਲੀਆਂ, ਸੰਸਥਾਗਤ ਮੁਹਾਰਤ ਅਤੇ ਪ੍ਰੀਖਿਆ-ਸਬੰਧਤ ਕਾਰਜਾਂ ਲਈ ਇੱਕ ਸਥਾਈ ਤੰਤਰ ਸ਼ਾਮਲ ਏ. NEET-UG 2026 ਪੇਪਰ ਲੀਕ ਨਾਲ ਸਬੰਧਤ ਪਟੀਸ਼ਨਾਂ ਦੀ ਸੁਣਵਾਈ ਦੌਰਾਨ, ਅਦਾਲਤ ਨੇ ਸਿੱਖਿਆ ਮੰਤਰਾਲੇ ਦੇ ਕੇਂਦਰੀ ਸਕੱਤਰ ਨੂੰ ਨੰਦਨ ਨੀਲੇ-

ਕਾਨੀ ਕਮੇਟੀ ਵੱਲੋਂ ਸੋਧੀਆਂ ਗਈਆਂ ਰਾਧਾ-ਕ੍ਰਿਸ਼ਨਨ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਦਾ ਵੇਰਵਾ ਦਿੰਦਿਆਂ, ਇੱਕ ਹਲਫ਼ਨਾਮਾ ਦਾਇਰ ਕਰਨ ਦੇ ਨਿਰਦੇਸ਼ ਦਿੱਤੇ।

ਅਦਾਲਤ ਨੇ ਕਿਹਾ ਕਿ ਇਸ ਦਾ ਉਦੇਸ਼, ਇਹ ਯਕੀਨੀ ਬਣਾਉਣਾ ਏ ਕਿ ਦੇਸ਼ ਕੋਲ ਇੱਕ ਮਜ਼ਬੂਤ ਪ੍ਰੀਖਿਆ ਸੰਸਥਾ ਹੋਵੇ, ਜੋ ਮੁਹਾਰਤ ਬਣਾਈ ਰੱਖਣ ਅਤੇ ਤਕਨੀਕੀ ਤਬਦੀਲੀਆਂ ਮੁਤਾਬਕ ਢਲਣ ਦੇ ਸਮਰੱਥ ਹੋਵੇ। ਅਦਾਲਤ ਨੇ ਵਿਸ਼ੇਸ਼ ਤੌਰ 'ਤੇ ਪ੍ਰਸ਼ਨ-ਪੱਤਰਾਂ ਨੂੰ ਸੀਲ ਕਰਨ ਲਈ, ਇੱਕ ਸਥਾਈ ਕਮੇਟੀ ਅਤੇ ਸੀਨੀਅਰ ਅਧਿਕਾਰੀਆਂ ਦੀ ਨਿਯੁਕਤੀ, ਅਤੇ ਨਾਲ ਹੀ ਸੰਸਥਾਗਤ ਮੁਹਾਰਤ ਵਿਕਸਤ ਕਰਨ ਸਬੰਧੀ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਬਾਰੇ ਵੇਰਵੇ ਸਹਿਤ ਜਾਣਕਾਰੀ ਮੰਗੀ।

ਕੇਂਦਰ ਅਤੇ NTA ਵੱਲੋਂ ਪੇਸ਼ ਹੋਏ ਸਾਲਿਸਿਟਰ ਜਨਰਲ ਨੇ ਪ੍ਰਸ਼ਨ-ਪੱਤਰਾਂ ਦੀ ਤਿਆਰੀ, ਛਪਾਈ, ਆਵਾਜਾਈ ਅਤੇ ਵੰਡ ਲਈ ਮੌਜੂਦਾ ਸੁਰੱਖਿਆ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ।

NEET-UG 2024 ਪ੍ਰਸ਼ਨ-ਪੱਤਰ ਲੀਕ ਮਾਮਲੇ ਤੋਂ ਬਾਅਦ, ਸਾਬਕਾ ISRO ਚੇਅਰਮੈਨ ਡਾ. ਕੇ. ਰਾਧਾਕ੍ਰਿਸ਼ਨਨ ਦੀ ਪ੍ਰਧਾਨਗੀ ਹੇਠ 'ਕੇ. ਰਾਧਾਕ੍ਰਿਸ਼ਨਨ ਕਮੇਟੀ' ਦਾ ਗਠਨ ਕੀਤਾ ਗਿਆ ਸੀ। ਇਸ ਕਮੇਟੀ ਨੇ ਅਕਤੂਬਰ 2024 ਵਿੱਚ ਸਿੱਖਿਆ ਮੰਤਰਾਲੇ ਨੂੰ ਆਪਣੀ ਰਿਪੋਰਟ ਸੌਂਪੀ, ਜਿਸ ਵਿੱਚ NTA ਵਿੱਚ ਸੁਧਾਰ ਕਰਨ ਅਤੇ ਜਨਤਕ ਪ੍ਰੀਖਿਆਵਾਂ ਦੀ ਸੁਰੱਖਿਆ ਤੇ ਨਿਰਪੱਖਤਾ ਨੂੰ ਮਜ਼ਬੂਤ ਕਰਨ ਲਈ, 101 ਸਿਫ਼ਾਰਸ਼ਾਂ ਕੀਤੀਆਂ ਗਈਆਂ।

---

ਕੇਂਦਰੀ ਸਿੱਖਿਆ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਅੱਜ ਉੱਚ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਮੀਟਿੰਗ ਵਿੱਚ, ਸ਼੍ਰੀ ਜੋਸ਼ੀ ਨੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਨੌਜਵਾਨਾਂ ਨੂੰ ਮੁਫ਼ਤ ਆਨਲਾਈਨ ਕੋਚਿੰਗ ਪ੍ਰਦਾਨ ਕਰਨ ਦੀ ਪ੍ਰਧਾਨ ਮੰਤਰੀ ਦੀ ਪਹਿਲਕਦਮੀ ਦੇ ਅਮਲ ਦੀ ਸਮੀਖਿਆ ਕੀਤੀ।

ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਜੋਸ਼ੀ ਨੇ ਦੱਸਿਆ ਕਿ, ਇਸ ਆਨਲਾਈਨ ਕੋਚਿੰਗ ਦਾ ਉਦੇਸ਼, ਦੇਸ਼ ਭਰ ਦੇ ਵਿਦਿਆਰਥੀਆਂ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਸਮੱਗਰੀ, ਮਾਹਰਾਂ ਦਾ ਮਾਰਗਦਰਸ਼ਨ ਅਤੇ ਪ੍ਰੀਖਿਆ ਦੀ ਤਿਆਰੀ ਕਰਨ ਦੀਆਂ ਰਣਨੀਤੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਕੇ, ਇੱਕ ਮਜ਼ਬੂਤ ਰਾਸ਼ਟਰੀ ਮੰਚ ਦਾ ਨਿਰਮਾਣ ਕਰਨਾ ਏ।

---

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਏ ਕਿ ਤਕਨਾਲੋਜੀ, ਮੀਡੀਆ, ਅਰਥ-ਵਿਵਸਥਾ ਅਤੇ ਜਨਤਕ ਨੀਤੀ ਦੀ ਦੁਨੀਆ, ਤੇਜ਼ੀ ਨਾਲ ਬਦਲ ਰਹੀ ਏ।

ਰਾਸ਼ਟਰਪਤੀ ਨੇ ਨਵੀਂ ਦਿੱਲੀ ਦੇ ਰਾਸ਼ਟਰਪਤੀ ਭਵਨ ਵਿਖੇ, ਭਾਰਤੀ ਸੂਚਨਾ ਸੇਵਾ ਅਤੇ ਭਾਰਤੀ ਅੰਕੜਾ ਸੇਵਾ ਦੇ ਸਿਖਿਆਰਥੀ ਅਧਿਕਾਰੀਆਂ ਨਾਲ ਮੁਲਾਕਾਤ ਦੌਰਾਨ, ਇਹ ਗੱਲ ਕਹੀ। ਇਸ ਮੌਕੇ ਉਨ੍ਹਾਂ ਨੇ ਅਧਿਕਾਰੀਆਂ ਨੂੰ ਆਪਣੇ ਫੈਸਲਿਆਂ ਵਿੱਚ ਸੂਝਵਾਨ, ਵਿਹਾਰ ਵਿੱਚ

ਸੰਵੇਦਨਸ਼ੀਲ ਰਹਿਣ ਅਤੇ ਇਮਾਨਦਾਰੀ ਕਾਇਮ ਰੱਖਣ ਦੀ ਸਲਾਹ ਦਿੱਤੀ। ਰਾਸ਼ਟਰਪਤੀ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ, ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਦੇ ਨਾਲ-ਨਾਲ ਨਿਰਪੱਖਤਾ, ਨਿਮਰਤਾ ਅਤੇ ਸਮਰਪਣ ਭਾਵਨਾ ਨਾਲ ਲੋਕਾਂ ਦੀ ਸੇਵਾ ਕਰਨ ਦਾ ਫਰਜ਼ ਵੀ ਜੁੜਿਆ ਹੋਇਆ ਏ।

ਰਾਸ਼ਟਰਪਤੀ ਨੇ ਕਿਹਾ ਕਿ ਦੋਵਾਂ ਸੇਵਾਵਾਂ ਦਾ ਸਾਂਝਾ ਉਦੇਸ਼, ਸ਼ਾਸਨ ਦੀ ਗੁਣਵੱਤਾ ਨੂੰ ਮਜ਼ਬੂਤ ਕਰਨਾ ਅਤੇ ਲੋਕਾਂ ਦੀ ਸੇਵਾ ਕਰਨਾ ਏ। ਉਨ੍ਹਾਂ ਕਿਹਾ ਕਿ ਪ੍ਰਭਾਵਸ਼ਾਲੀ ਸੰਚਾਰ ਅਤੇ ਭਰੋਸੇਯੋਗ ਜਾਣਕਾਰੀ, ਇੱਕ ਜੀਵੰਤ ਅਤੇ ਜਵਾਬਦੇਹ ਲੋਕਤੰਤਰ ਦੇ ਅਹਿਮ ਥੰਮ੍ਹ ਨੇ।

---

ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੇ ਕਿਹਾ ਏ ਕਿ 2047 ਤੱਕ ਵਿਕਸਿਤ ਭਾਰਤ ਦਾ ਟੀਚਾ ਹਾਸਲ ਕਰਨ ਵਿੱਚ, ਜੰਗਲਾਤ ਅਧਿਕਾਰੀਆਂ ਦੀ ਭੂਮਿਕਾ, ਬੇਹੱਦ ਅਹਿਮ ਏ। ਉਨ੍ਹਾਂ ਕਿਹਾ ਕਿ ਜੰਗਲਾਂ, ਜੰਗਲੀ ਜੀਵਾਂ, ਜੈਵ-ਭਿੰਨਤਾ ਅਤੇ ਕੁਦਰਤੀ ਸਾਧਨਾਂ ਦੀ ਸਾਂਭ-ਸੰਭਾਲ ਦੇ ਨਾਲ-ਨਾਲ ਵਿਕਾਸ ਕਾਰਜ ਵੀ ਕੀਤੇ ਜਾਣੇ ਚਾਹੀਦੇ ਨੇ। ਉਪ ਰਾਸ਼ਟਰਪਤੀ ਨੇ ਅੱਜ ਦੇਹਰਾਦੂਨ ਸਥਿਤ ਇੰਦਰਾ ਗਾਂਧੀ ਰਾਸ਼ਟਰੀ ਜੰਗਲਾਤ ਅਕੈਡਮੀ ਵਿਖੇ, ਭਾਰਤੀ ਜੰਗਲਾਤ ਸੇਵਾ ਦੇ 2025-27 ਬੈਚ ਦੇ ਸਿਖਿਆਰਥੀ ਅਧਿਕਾਰੀਆਂ ਨੂੰ ਸੰਬੋਧਨ ਕੀਤਾ।

---

'ਵਿਕਸਿਤ ਭਾਰਤ ਯੁਵਾ ਨੇਤਾ ਸੰਵਾਦ 2027' ਦੀ ਸ਼ੁਰੂਆਤ, 17 ਅਗਸਤ ਤੋਂ 30 ਸਤੰਬਰ ਤੱਕ ਚੱਲਣ ਵਾਲੀ 'ਵਿਕਸਿਤ ਭਾਰਤ ਕਵਿਜ਼' ਦੇ ਨਾਲ ਹੋ ਗਈ ਏ।

ਇਹ ਸੰਵਾਦ ਦੇਸ਼ ਭਰ ਦੇ ਨੌਜਵਾਨਾਂ ਲਈ ਅਗਵਾਈ, ਕਾਡਾਂ ਅਤੇ ਰਾਸ਼ਟਰ-ਨਿਰਮਾਣ ਦੀ ਇੱਕ ਯੋਜਨਾਬੱਧ ਅਤੇ ਯੋਗਤਾ ਆਧਾਰਿਤ ਯਾਤਰਾ ਵਿੱਚ ਸ਼ਾਮਲ ਹੋਣ ਦਾ ਇੱਕ ਮੌਕਾ ਏ। ਇਹ ਸੰਵਾਦ ਗੈਰ-ਸਿਆਸੀ ਪਿਛੋਕੜ ਵਾਲੇ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਅਤੇ ਰਾਸ਼ਟਰ-ਨਿਰਮਾਣ ਦੀ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਮੰਚ ਪ੍ਰਦਾਨ ਕਰਦਾ ਏ।

---

ਸੜਕ ਆਵਾਜਾਈ ਅਤੇ ਸ਼ਾਹਰਾਹ ਬਾਰੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਅੱਜ ਕਿਹਾ ਕਿ ਲਾਗਤਾਂ ਨੂੰ ਸੰਤੁਲਿਤ ਰੱਖਦੇ ਹੋਏ, ਉੱਚ-ਗੁਣਵੱਤਾ ਵਾਲਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ, ਸਰਕਾਰ ਦੀ ਮੁੱਖ ਤਰਜੀਹ ਏ।

ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ, ਬੁਨਿਆਦੀ ਢਾਂਚੇ ਦੇ ਵਿਕਾਸ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਨਵੀਂ ਦਿੱਲੀ ਵਿੱਚ ਚੌਥੇ 'ਸੁਰੰਗ ਅਤੇ ਪੁਲ ਸੰਮੇਲਨ 2026' ਨੂੰ ਸੰਬੋਧਨ ਕਰਦਿਆਂ, ਸ੍ਰੀ ਗਡਕਰੀ ਨੇ ਬਿਹਤਰੀਨ ਬੁਨਿਆਦੀ ਢਾਂਚਾ ਯਕੀਨੀ ਬਣਾਉਣ ਅਤੇ

ਅੰਤਰਰਾਸ਼ਟਰੀ ਮਾਪਦੰਡਾਂ ਨੂੰ ਪੂਰਾ ਕਰਨ ਲਈ, ਵੇਰਵੇ ਸਹਿਤ ਅਤੇ ਮਜ਼ਬੂਤ ਪ੍ਰੋਜੈਕਟ ਰਿਪੋਰਟ (DPR) ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਖ਼ਰਾਬ ਗੁਣਵੱਤਾ ਵਾਲੀਆਂ DPR ਅਕਸਰ ਲਾਗਤ ਵਿੱਚ ਵਾਧੇ, ਦੇਰੀ ਅਤੇ ਸੁਰੱਖਿਆ ਸਬੰਧੀ ਚਿੰਤਾਵਾਂ ਦਾ ਕਾਰਨ ਬਣਦੀਆਂ ਨੇ। ਉਨ੍ਹਾਂ ਨੇ ਹਿਮਾਲਿਆਈ ਖੇਤਰ ਵਿੱਚ ਉਸਾਰੀ ਕਾਰਜਾਂ ਨਾਲ ਜੁੜੀਆਂ ਚੁਣੌਤੀਆਂ ਨੂੰ ਵੀ ਉਜਾਗਰ ਕੀਤਾ।

---------------------------------------------------------------

ਪੰਜਾਬ 'ਚ ਭਾਰਤ-ਪਾਕਿਸਤਾਨ ਅਟਾਰੀ-ਵਾਘਾ ਸਰਹੱਦ 'ਤੇ ਹੋਣ ਵਾਲੀ ਰਿਟ੍ਰੀਟ ਸੈਰਾਮਨੀ ਯਾਨੀ ਝੰਡਾ ਉਤਾਰਨ ਦੀ ਰਸਮ ਦਾ ਸਮਾਂ ਬਦਲਿਆ ਗਿਆ ਏ ।

ਸਾਡੇ ਪਤਰਕਾਰ ਨੇ ਸੂਤਰਾਂ ਦੇ ਹਵਾਲੇ ਨਾਲ ਦਸਿਆ ਕਿ ਝੰਡਾ ਉਤਾਰਨ ਦੀ ਰਸਮ ਹੁਣ ਸ਼ਾਮ 6 ਵਜੇ ਹੋਇਆ ਕਰੇਗੀ ਜੋ ਪਹਿਲਾਂ ਸ਼ਾਮ ਸਾਢੇ 6 ਵਜੇ ਹੁੰਦੀ ਸੀ ।

---------------------------------------------------------------

ਹਰਿਆਣਾ ਵਿੱਚ ਸਿਹਤ ਵਿਭਾਗ ਨੇ ਬਦਲਦੇ ਮੌਸਮ ਦੇ ਮੱਦੇਨਜ਼ਰ, ਨਾਗਰਿਕਾਂ ਨੂੰ ਸਵਾਈਨ ਫਲੂ ਤੋਂ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਏ।

ਸਿਹਤ ਵਿਭਾਗ ਨੇ ਬਚਾਅ ਲਈ ਸਲਾਹ ਜਾਰੀ ਕੀਤੀ ਏ ਅਤੇ ਲੋਕਾਂ ਨੂੰ ਲੋੜੀਂਦੀਆਂ ਸਾਵਧਾਨੀਆਂ ਵਰਤਣ ਲਈ ਹਦਾਇਤ ਕੀਤੀ ਗਈ ਏ।

ਸਲਾਹ ਵਿੱਚ ਦੱਸਿਆ ਗਿਆ ਏ ਕਿ, ਜੇਕਰ ਕਿਸੇ 'ਚ ਸਵਾਈਨ ਫਲੂ ਦੇ ਲੱਛਣ ਨੇ, ਤਾਂ ਉਸਨੂੰ ਜਨਤਕ ਥਾਵਾਂ ਤੋਂ ਦੂਰ ਰਹਿਣਾ ਚਾਹੀਦਾ ਏ। ਸਿਹਤ ਵਿਭਾਗ ਨੇ ਲੋਕਾਂ ਨੂੰ ਸਲਾਹ ਦਿੱਤੀ ਏ ਕਿ ਉਹ ਹੱਥ ਮਿਲਾਉਣ ਜਾਂ ਸਰੀਰਕ ਸੰਪਰਕ ਵਾਲੇ ਹੋਰ ਤਰੀਕਿਆਂ ਤੋਂ ਬਚਣ।

------------------------------------------------------------------------

ਪਿਛਲੇ ਕੁਝ ਦਿਨਾਂ ਤੋਂ ਹਿਮਾਚਲ ਪ੍ਰਦੇਸ਼ ਦੇ ਉੱਚੇ ਇਲਾਕਿਆਂ ਵਿੱਚ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਦੇ ਮੈਦਾਨੀ ਇਲਾਕਿਆਂ ਵਿੱਚ ਪਾਣੀ ਦਾ ਵਹਾਅ ਸ਼ੁਰੂ ਹੋ ਗਿਆ ਏ, ।

ਟ੍ਰਾਈਸਿਟੀ ਚੰਡੀਗੜ੍ਹ-ਮੋਹਾਲੀ-ਪੰਚਕੂਲਾ ਵਿੱਚ, ਭਾਰੀ ਬਾਰਿਸ਼ ਅਤੇ ਪਹਾੜੀਆਂ ਤੋਂ ਪਾਣੀ ਦੇ ਵਹਾਅ ਕਾਰਨ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਏ ।

ਅੱਜ ਜਲੰਧਰ ਸਮੇਤ ਹੋਰਨਾਂ ਕਈ ਥਾਵਾਂ ਤੇ ਵੀ ਮੀਂਹ ਪਿਆ । ਇਸ ਦੌਰਾਨ, ਮੌਸਮ ਵਿਭਾਗ ਨੇ ਅੱਜ ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਮੋਹਾਲੀ ਅਤੇ ਫਤਿਹਗੜ੍ਹ ਸਾਹਿਬ ਅਤੇ ਹਰਿਆਣਾ ਦੇ ਕੁਝ ਜਿਲ੍ਹਿਆਂ ਵਿੱਚ ਭਾਰੀ ਬਾਰਿਸ਼ ਦਾ ਯੈਲੋ ਅਲਰਟ ਜਾਰੀ ਕੀਤਾ ਏ ।

---

ਗ੍ਰੈਂਡਮਾਸਟਰ ਆਰ. ਪ੍ਰਗਿਆਨ-ਨੰਦਾ ਨੇ ਅਮਰੀਕਾ ਦੇ ਸੇਂਟ ਲੁਈਸ ਵਿੱਚ, ਸਿੰਕ-ਫੀਲਡ ਕੱਪ ਦੇ ਅੱਠਵੇਂ ਅਤੇ ਆਖਰੀ ਗੇੜ ਵਿੱਚ, ਫਰਾਂਸ ਦੇ ਮੈਕਸਿਮ ਵਾਚੀਅਰ-ਲਾ-ਗ੍ਰੇਵ ਨੂੰ ਹਰਾਇਆ।

ਇਸ ਜਿੱਤ ਨਾਲ, ਪ੍ਰਗਿਆਨ- ਨੰਦਾ ਦੇ ਅੱਠ ਵਿੱਚੋਂ ਪੰਜ ਅੰਕ ਹੋ ਗਏ ਨੇ। ਪ੍ਰਗਿਆਨੰਦਾ ਨੇ ਇਸ ਸਾਲ ਦੇ ਅੰਤ ਵਿੱਚ ਹੋਣ ਵਾਲੇ ਗ੍ਰੈਂਡ ਫਾਈਨਲ ਵਿੱਚ ਵੀ ਆਪਣਾ ਜਗ੍ਹਾ ਪੱਕੀ ਕਰ ਲਈ ਏ।

---

- ਕੇਂਦਰੀ ਮੰਤਰੀ ਮੰਡਲ ਨੇ ਅੱਜ ਚਾਰ ਰੇਲਵੇ ਪ੍ਰੋਜੈਕਟਾਂ ਅਤੇ ਇੱਕ ਸ਼ਾਹਰਾਹ ਪ੍ਰੋਜੈਕਟ ਸਮੇਤ ਪੰਜ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ।

- ਸਰਬਉੱਚ ਅਦਾਲਤ ਨੇ ਭਵਿੱਖ ਵਿੱਚ ਪ੍ਰਸ਼ਨ ਪੱਤਰ ਲੀਕ ਹੋਣ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਰਾਸ਼ਟਰੀ ਪ੍ਰੀਖਿਆ ਏਜੰਸੀ' ਨੂੰ ਸੰਸਥਾਗਤ ਰੂਪ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ।

- ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ-ਤਕਨਾਲੋਜੀ, ਮੀਡੀਆ, ਅਰਥ-ਵਿਵਸਥਾ ਅਤੇ ਜਨਤਕ ਨੀਤੀ ਦੀ ਦੁਨੀਆ, ਤੇਜ਼ੀ ਨਾਲ ਬਦਲ ਰਹੀ ਏ।

- ਸੜਕ ਆਵਾਜਾਈ ਅਤੇ ਸ਼ਾਹਰਾਹ ਮੰਤਰੀ ਨਿਤਿਨ ਗਡਕਰੀ ਨੇ ਕਿਹਾ -ਲਾਗਤਾਂ ਨੂੰ ਸੰਤੁਲਿਤ ਰੱਖਦੇ ਹੋਏ, ਉੱਚ-ਗੁਣਵੱਤਾ ਵਾਲਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣਾ, ਸਰਕਾਰ ਦੀ ਮੁੱਖ ਤਰਜੀਹ ਏ।

- ਮੌਸਮ ਵਿਭਾਗ ਨੇ ਅੱਜ ਪੰਜਾਬ ਤੇ ਹਰਿਆਣਾ ਦੇ ਕੁਝ ਜ਼ਿਲਿਆਂ 'ਚ ਭਾਰੀ ਮੀਂਹ ਪੈਣ ਬਾਰੇ ਯੈਲੋ ਅਲਰਟ ਜਾਰੀ ਕੀਤਾ। ਅਤੇ

- ਗ੍ਰੈਂਡਮਾਸਟਰ ਆਰ. ਪ੍ਰਗਿਆਨ-ਨੰਦਾ ਨੇ ਅਮਰੀਕਾ ਦੇ ਸੇਂਟ ਲੁਈਸ ਵਿੱਚ, ਸਿੰਕ-ਫੀਲਡ ਕੱਪ ਦੇ ਅੱਠਵੇਂ ਅਤੇ ਆਖਰੀ ਗੇੜ ਵਿੱਚ ਜਿੱਤ ਦਰਜ ਕਰਦਿਆਂ, ਗ੍ਰੈਂਡ ਫਾਈਨਲ ਵਿੱਚ ਥਾਂ ਪੱਕੀ ਕੀਤੀ।

---

**ਇਸਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ ਸਵੇਰੇ ਸਾਢੇ 8 ਵਜੇ ਨਮਸਕਾਰ!**